ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਆਸਟ੍ਰੇਲੀਆ ਜਾ ਰਹੇ ਚਾਰ ਭਾਰਤੀ ਈਰਾਨ 'ਚ ਅਗਵਾ

ਜਾਮਨਗਰ: ਗੁਜਰਾਤ ਤੋਂ ਦਿੱਲੀ ਰਾਹੀਂ ਆਸਟ੍ਰੇਲੀਆ ਜਾਣ ਲਈ ਨਿਕਲੇ ਚਾਰ ਗੁਜਰਾਤੀਆਂ ਨੂੰ ਅਗਵਾ ਕਰਨ ਦੀ ਘਟਨਾ ਸਾਹਮਣੇ ਆਈ ਹੈ। ਈਰਾਨ ਦੇ ਤਹਿਰਾਨ 'ਚ ਇੱਕ ਔਰਤ ਸਮੇਤ ਤਿੰਨ ਆਦਮੀਆਂ ਨੂੰ ਬੰਧਕ ਬਣਾ ਕੇ ਰੱਖਿਆ ਗਿਆ ਹੈ। ਅਗਵਾਕਾਰ ਪੀੜਤ ਪਰਿਵਾਰਾਂ ਅਤੇ ਉਨ੍ਹਾਂ ਨੂੰ ਆਸਟ੍ਰੇਲੀਆ ਭੇਜਣ ਵਾਲੇ ਏਜੰਟ ਨੂੰ ਤਸ਼ੱਦਦ ਦੀਆਂ ਵੀਡੀਓਜ਼ ਭੇਜ ਕੇ ਕਰੋੜਾਂ ਰੁਪਏ ਦੀ ਫ਼ਿਰੌਤੀ ਮੰਗ ਰਹੇ ਹਨ।

ਅਮਿਤ ਸ਼ਾਹ ਤੋਂ ਮੰਗੀ ਮਦਦ: ਘਟਨਾ ਦੇ ਖ਼ੁਲਾਸੇ ਤੋਂ ਬਾਅਦ ਮਾਨਸਾ ਨੇੜੇ ਬਾਪੂਪੁਰਾ ਪਿੰਡ ਦੇ ਸਰਪੰਚ ਪ੍ਰਕਾਸ਼ਭਾਈ ਚੌਧਰੀ ਨੇ ਮਦਦ ਦੀ ਅਪੀਲ ਕੀਤੀ ਹੈ। ਇਸ ਦੌਰਾਨ ਸਥਾਨਕ ਭਾਜਪਾ ਵਿਧਾਇਕ ਜਯੰਤੀ ਪਟੇਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਪੱਤਰ ਲਿਖ ਕੇ ਉਨ੍ਹਾਂ ਦੇ ਦਖ਼ਲ ਦੀ ਬੇਨਤੀ ਕੀਤੀ ਹੈ। ਆਪਣੇ ਪੱਤਰ 'ਚ ਵਿਧਾਇਕ ਨੇ ਕਿਹਾ ਕਿ ਬਾਪੂਪੁਰਾ ਪਿੰਡ ਦੀ ਇੱਕ ਔਰਤ ਅਤੇ ਤਿੰਨ ਆਦਮੀ ਦਿੱਲੀ ਤੋਂ ਅਮੀਰਾਤ ਦੀ ਉਡਾਣ 'ਤੇ ਰਵਾਨਾ ਹੋਏ ਸਨ। ਧਿਆਨ ਦੇਣ ਯੋਗ ਹੈ ਕਿ ਮਾਨਸਾ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਗ੍ਰਹਿ ਹਲਕਾ ਹੈ।

ਬੈਂਕੌਕ-ਦੁਬਈ-ਤਹਿਰਾਨ ਤਕ ਦਾ ਸਫ਼ਰ ਅਤੇ ਫ਼ਿਰ ਅਗਵਾ ਦੀ ਵਾਰਦਾਤ: ਰਿਪੋਰਟਾਂ ਅਨੁਸਾਰ ਮਾਨਸਾ ਦੇ ਬਾਪੂਪੁਰਾ ਅਤੇ ਬਦਪੁਰਾ ਪਿੰਡਾਂ ਦੇ ਇਨ੍ਹਾਂ ਚਾਰਾਂ ਵਿਅਕਤੀਆਂ ਨੂੰ ਪਹਿਲਾਂ ਦਿੱਲੀ ਲਿਜਾਇਆ ਗਿਆ, ਫ਼ਿਰ ਬੈਂਕੌਕ ਅਤੇ ਦੁਬਈ ਰਾਹੀਂ ਤਹਿਰਾਨ (ਈਰਾਨ) ਭੇਜਿਆ ਗਿਆ। ਈਰਾਨ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਇੱਕ ਟੈਕਸੀ 'ਚ ਬਿਠਾ ਕੇ ਇੱਕ ਅਣਜਾਣ ਸਥਾਨ 'ਤੇ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਬੰਧਕ ਬਣਾ ਲਿਆ ਗਿਆ।

'ਰਚਰ ਦੇ ਵੀਡੀਓਜ਼ ਨਾਲ ਫ਼ੈਲੀ ਦਹਿਸ਼ਤ: ਅਗਵਾਕਾਰਾਂ ਨੇ ਪੀੜਤਾਂ ਨੂੰ ਬਹੁਤ ਤਸੀਹੇ ਦਿੱਤੇ। ਸਾਹਮਣੇ ਆਈਆਂ ਵੀਡੀਓਜ਼ 'ਚ ਦੋ ਨੌਜਵਾਨਾਂ ਨੂੰ ਅਲਫ਼ ਨੰਗਾ ਕਰ ਕੇ ਬੇਰਹਿਮੀ ਨਾਲ ਕੁੱਟਦੇ ਦੇਖਿਆ ਜਾ ਸਕਦਾ ਹੈ। ਇਹ ਵੀਡੀਓਜ਼ ਇੰਨੇ ਭਿਆਨਕ ਹਨ ਕਿ ਉਨ੍ਹਾਂ ਨੂੰ ਜਨਤਕ ਤੌਰ 'ਤੇ ਦਿਖਾਇਆ ਤਕ ਨਹੀਂ ਜਾ ਸਕਦਾ।

3.5 ਲੱਖ ਦੀ ਹਿੰਦੂ ਆਬਾਦੀ ਵਾਲੇ ਟ੍ਰਿਨੀਡੈਡ 'ਚ ਬਣੇਗਾ ਅਯੋਧਿਆ ਵਰਗਾ ਰਾਮ ਮੰਦਰ

ਟ੍ਰਿਨੀਡੈਡ: ਦਿੱਲੀ ਤੋਂ ਲਗਭਗ 14 ਹਜ਼ਾਰ ਕਿੱਲੋਮੀਟਰ ਦੂਰ ਕੈਰੇਬੀਅਨ ਖੇਤਰ 'ਚ ਸਥਿਤ ਇੱਕ ਛੋਟਾ ਜਿਹਾ ਦੇਸ਼, ਟ੍ਰਿਨੀਡੈਡ ਐਂਡ ਟਬੇਗੋ ਜਲਦੀ ਹੀ ਆਪਣੇ ਦੇਸ਼ 'ਚ ਅਯੋਧਿਆ ਵਰਗਾ ਇੱਕ ਸ਼ਾਨਦਾਰ ਰਾਮ ਮੰਦਰ ਬਣਾਉਣ ਜਾ ਰਿਹਾ ਹੈ। ਇਸ ਦੇਸ਼ ਦੀ ਕੁੱਲ ਆਬਾਦੀ ਤਕਰੀਬਨ 14 ਲੱਖ ਹੈ ਜਿਸ 'ਚੋਂ 65% ਈਸਾਈ ਹਨ, ਪਰ ਉਥੋਂ ਦੇ 3.5 ਲੱਖ ਹਿੰਦੂ ਹੁਣ ਆਪਣੀ ਧਾਰਮਿਕ ਅਤੇ ਆਧਿਆਤਮਿਕ ਪਛਾਣ ਨੂੰ ਇੱਕ ਨਵਾਂ ਰੂਪ ਦੇਣ ਦੀ ਤਿਆਰੀ 'ਚ ਹਨ।

ਟ੍ਰਿਨੀਡੈਡ ਐਂਡ ਟਬੇਗੋ ਦੇ ਜਨਤਕ ਉਪਯੋਗਤਾ ਮੰਤਰੀ ਬੈਰੀ ਪਦਾਰਥ ਨੇ ਘੋਸ਼ਣਾ ਕੀਤੀ ਹੈ ਕਿ ਸਰਕਾਰ ਰਾਮ ਮੰਦਰ ਪ੍ਰੋਜੈਕਟ ਦੇ ਪੱਖ 'ਚ ਹੈ। ਉਨ੍ਹਾਂ ਕਿਹਾ ਕਿ ਸਥਾਨਕ ਧਾਰਮਿਕ ਨੇਤਾਵਾਂ ਨਾਲ ਮੀਟਿੰਗ ਹੋ ਚੁੱਕੀ ਹੈ, ਅਤੇ ਮੰਦਰ ਬਣਾਉਣ ਦੇ ਪ੍ਰੋਜੈਕਟ 'ਤੇ ਸਰਕਾਰੀ ਅਧਿਕਾਰੀ ਸਰਗਰਮ ਤਰੀਕੇ ਨਾਲ ਕੰਮ ਕਰ ਰਹੇ ਹਨ।

ਅਯੋਧਿਆ ਤੋਂ ਆਈ ਸੀ ਰਾਮਲੱਲਾ ਦੀ ਮੂਰਤੀ: ਇਸ ਸਾਲ ਅਯੋਧਿਆ ਤੋਂ ਰਾਮਲੱਲਾ ਦੀ ਪ੍ਰਤਿਕ੍ਰਿਤੀ ਟ੍ਰਿਨੀਡੈਡ ਐਂਡ ਟਬੇਗੋ ਲਿਆਂਦੀ ਗਈ ਸੀ। ਉਸ ਮੌਕੇ ਅਯੋਧਿਆ ਸ਼੍ਰੀ ਰਾਮ ਔਰਗਨਾਈਜ਼ੇਸ਼ਨ ਦੇ ਚੇਅਰਮੈਨ ਪ੍ਰੇਮ ਭੰਡਾਰੀ ਅਤੇ ਅਮਿਤ ਅਲਘ ਨੇ ਵੱਡਾ ਸਮਾਰੋਹ ਕਰਵਾਇਆ ਸੀ। ਉਸ ਸਮੇਂ ਪੋਰਟ ਔਫ਼ ਸਪੇਨ 'ਚ ਲਗਭਗ 10 ਹਜ਼ਾਰ ਭਗਤਾਂ ਨੇ ਸ਼ਿਰਕਤ ਕੀਤੀ ਸੀ।

ਰਾਮਾਇਣ ਕੰਟਰੀ ਕਿਹਾ ਜਾਂਦਾ ਹੈ ਟ੍ਰਿਨੀਡੈਡ ਨੂੰ: ਇਸ ਦੇਸ਼ ਨੂੰ ਅਕਸਰ ਰਾਮਾਇਣ ਕੰਟਰੀ ਵੀ ਕਿਹਾ ਜਾਂਦਾ ਹੈ ਕਿਉਂਕਿ ਉੱਥੇ ਦਹਾਕਿਆਂ ਤੋਂ ਹਿੰਦੂ ਪ੍ਰੰਪਰਾਵਾਂ ਨੂੰ ਬੜੇ ਆਦਰ ਨਾਲ ਸਾਂਭਿਆ ਗਿਆ ਹੈ। 19ਵੀਂ ਸਦੀ 'ਚ ਬਰਤਾਨਵੀ ਹਿੰਦੁਸਤਾਨ ਤੋਂ ਗਿਰਮਿਟੀਆ ਮਜ਼ਦੂਰਾਂ ਦੇ ਤੌਰ 'ਤੇ ਬਹੁਤ ਸਾਰੇ ਭਾਰਤੀ ਇੱਥੇ ਆ ਕੇ ਵਸੇ ਸਨ। ਅੱਜ ਵੀ ਉਥੇ ਰਾਮਾਇਣ ਪਾਠ ਅਤੇ ਭਾਗਵਤ ਕਥਾ ਘਰ-ਘਰ 'ਚ ਕੀਤੀ ਜਾਂਦੀ ਹੈ।

ਓਵਰਸੀਜ਼ ਫ੍ਰੈਂਡਜ਼ ਔਫ਼ ਰਾਮ ਮੰਦਰ (ਨਿਊ ਯੌਰਕ) ਦੇ ਸੰਸਥਾਪਕ ਪ੍ਰੇਮ ਭੰਡਾਰੀ ਨੇ ਟ੍ਰਿਨੀਡੈਡ 'ਚ ਅਯੋਧਿਆ ਨਗਰੀ ਬਣਾਉਣ ਦਾ ਪ੍ਰਸਤਾਵ ਵੀ ਪੇਸ਼ ਕੀਤਾ ਹੈ। ਇਹ ਪ੍ਰੋਜੈਕਟ ਉੱਤਰੀ ਅਮਰੀਕਾ 'ਚ ਰਹਿੰਦੇ ਹਿੰਦੂ ਭਗਤਾਂ ਲਈ ਆਧਿਆਤਮਿਕ ਅਤੇ ਸੰਸਕ੍ਰਿਤਿਕ ਕੇਂਦਰ ਬਣੇਗਾ। ਇਹ ਪ੍ਰਸਤਾਵ ਟ੍ਰਿਨੀਡੈਡ ਦੇ ਪ੍ਰਧਾਨ ਮੰਤਰੀ ਕਮਲਾ ਪ੍ਰਸ਼ਾਦ ਬਿਸੇਸਰ ਨੂੰ ਦਿੱਤਾ ਗਿਆ ਹੈ ਜੋ ਕਿ ਭਾਰਤੀ ਮੂਲ ਦੇ ਇੱਕ ਨੇਤਾ ਹਨ। ਟ੍ਰਿਨੀਡੈਡ ਐਂਡ ਟਬੇਗੋ ਸਰਕਾਰ ਨੇ ਦਿਵਾਲੀ ਦੇ ਮੌਕੇ 'ਤੇ ਰਾਮ ਮੰਦਰ ਪ੍ਰੋਜੈਕਟ ਦਾ ਐਲਾਨ ਕੀਤਾ ਹੈ। ਮੰਤਰੀ ਬੈਰੀ ਪਦਾਰਥ ਨੇ ਕਿਹਾ ਕਿ ਇਹ ਮੰਦਰ ਦੇਸ਼ 'ਚ ਧਾਰਮਿਕ ਸੈਰ-ਸਪਾਟੇ ਨੂੰ ਵਧਾਏਗਾ ਅਤੇ ਭਗਵਾਨ ਰਾਮ ਦੇ ਆਦਰਸ਼ਾਂ ਨੂੰ ਘਰ-ਘਰ ਤਕ ਪਹੁੰਚਾਏਗਾ।

100% Vegetarian Restaurant 10% Off 905-565-0036
Security Cameras CCTV Live Monitoring 647-863-9232
ਮਰਦਾਨਾ ਕਮਜ਼ੋਰੀ 416-992-5489
Lunch Buffet $13 905-565-0036
ਲੀਗਲ ਸੇਵਾਵਾਂ 905-913-2355

ਜ਼ਮੀਨ ਤੋਂ 350 ਮੀਟਰ ਉਪਰ ਬਣੇਗਾ ਦੁਨੀਆਂ ਦਾ ਪਹਿਲਾ ਸਕਾਈ ਸਟੇਡੀਅਮ

ਰਿਆਧ: ਸਾਊਦੀ ਅਰਬ ਆਪਣੇ ਭਵਿੱਖ ਦੇ ਰੇਖਿਕ ਸ਼ਹਿਰ (ਲੀਨੀਅਰ ਸਿਟੀ) ਦਾ ਲਾਈਨ 'ਚ ਦੁਨੀਆਂ ਦਾ ਪਹਿਲਾ ਸਕਾਈ ਸਟੇਡੀਅਮ ਬਣਾਉਣ ਲਈ ਤਿਆਰ ਹੈ। ਸਟੇਡੀਅਮ ਦਾ ਅਧਿਕਾਰਿਕ ਤੌਰ 'ਤੇ ਨਾਂ ਨਿਓਮ ਰੱਖਿਆ ਜਾਵੇਗਾ। ਸਾਊਦੀ ਅਰਬ ਦੇ 2034 ਫ਼ੀਫ਼ਾ ਵਿਸ਼ਵ ਕੱਪ ਬੋਲੀ ਦਸਤਾਵੇਜ਼ਾਂ ਅਤੇ ਕਈ ਨਾਮਵਰ ਮੀਡੀਆ ਸਰੋਤਾਂ ਤੋਂ ਪ੍ਰਮਾਣਿਤ ਵੇਰਵਿਆਂ ਦੇ ਅਨੁਸਾਰ ਸਟੇਡੀਅਮ ਜ਼ਮੀਨ ਤੋਂ ਲੱਗਭਗ 350 ਮੀਟਰ ਉੱਪਰ ਸਥਿਤ ਹੋਵੇਗਾ। ਇਹ ਹੁਣ ਤਕ ਬਣਾਏ ਗਏ ਸਭ ਤੋਂ ਪ੍ਰਭਾਵਸ਼ਾਲੀ ਖੇਡ ਢਾਂਚੇ 'ਚੋਂ ਇੱਕ ਹੋਣ ਲਈ ਤਿਆਰ ਹੈ।

46,000 ਦਰਸ਼ਕਾਂ ਦੇ ਬੈਠਣ ਦੀ ਸਮਰੱਥਾ: ਰਿਪੋਰਟਾਂ ਅਨੁਸਾਰ ਨਿਓਮ ਸਟੇਡੀਅਮ 'ਚ ਲੱਗਭਗ 46 ਹਜ਼ਾਰ ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੋਵੇਗੀ ਅਤੇ ਇਹ ਪੂਰੀ ਤਰ੍ਹਾਂ ਨਵਿਆਉਣਯੋਗ ਊਰਜਾ ਨਾਲ ਸੰਚਾਲਿਤ ਹੋਵੇਗਾ ਜੋ ਨਿਓਮ ਮੈਗਾਸਿਟੀ ਪ੍ਰੋਜੈਕਟ ਦੇ ਵਿਆਪਕ ਸਥਿਰਤਾ ਟੀਚਿਆਂ ਦੇ ਅਨੁਸਾਰ ਹੈ। ਇਸ ਢਾਂਚੇ ਨੂੰ ਦਾ ਲਾਈਨ ਦੇ ਵਿਲੱਖਣ ਲੰਬਕਾਰੀ ਸ਼ਹਿਰੀ ਮਾਹੌਲ 'ਚ ਏਕੀਕ੍ਰਿਤ ਕੀਤਾ ਜਾਵੇਗਾ ਜਿਸ 'ਚ ਰਿਵਾਇਤੀ ਸੜਕੀ ਨੈੱਟਵਰਕ ਦੀ ਬਜਾਏ ਡਰਾਇਵਰ ਰਹਿਤ ਵਾਹਨਾਂ ਅਤੇ ਹਾਈ-ਸਪੀਡ ਐਲੀਵੇਟਰਾਂ ਤਕ ਸੀਮਿਤ ਪਹੁੰਚ ਹੋਵੇਗੀ।

ਇਸ ਦੀ ਉਸਾਰੀ 2027 'ਚ ਸ਼ੁਰੂ ਹੋਣ ਦੀ ਉਮੀਦ ਹੈ, ਅਤੇ ਇਹ



2032 ਤਕ ਪੂਰਾ ਹੋ ਜਾਵੇਗਾ। ਮੰਨਿਆ ਜਾ ਰਿਹਾ ਹੈ ਕਿ ਇਹ 2034 ਫ਼ੀਫ਼ਾ ਵਿਸ਼ਵ ਕੱਪ ਤੋਂ ਪਹਿਲਾਂ ਪੂਰਾ ਹੋ ਜਾਵੇਗਾ। ਅਧਿਕਾਰਿਕ ਬੋਲੀ ਅਨੁਸਾਰ ਨਿਓਮ ਸਟੇਡੀਅਮ 'ਚ ਗਲੋਬਲ ਟੂਰਨਾਮੈਂਟ ਦੇ ਕੁਆਰਟਰ ਫ਼ਾਈਨਲ ਤਕ ਦੇ ਮੈਚਾਂ ਦੀ ਮੇਜ਼ਬਾਨੀ ਕੀਤੇ ਜਾਣ ਦੀ ਉਮੀਦ ਹੈ।

ਗਲੋਬਲ ਇੰਜੀਨੀਅਰਿੰਗ ਦਾ ਚਮਤਕਾਰ: ਹਾਲਾਂਕਿ ਸਟੇਡੀਅਮ ਅਜੇ ਵੀ ਸੰਕਲਪਿਕ ਪੜਾਅ 'ਚ ਹੈ। ਸਾਊਦੀ ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਪ੍ਰੋਜੈਕਟ ਵਿਯਨ 2030 ਦੇ ਤਹਿਤ ਨਵੀਨਤਾ, ਸਥਿਰਤਾ ਅਤੇ ਵਿਸ਼ਵ-ਵਿਆਪੀ ਖੇਡ ਲੀਡਰਸ਼ਿਪ ਪ੍ਰਤੀ ਸਾਊਦੀ ਅਰਬ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਜੋ ਕਿ ਅਰਥ-ਵਿਵਸਥਾ 'ਚ ਵਿਭਿੰਨਤਾ ਲਿਆਉਣ ਅਤੇ ਸੈਰ-ਸਪਾਟਾ ਅਤੇ ਮਨੋਰੰਜਨ ਦੇ ਬੁਨਿਆਦੀ ਢਾਂਚੇ ਨੂੰ ਵਧਾਉਣ ਦੀ ਇੱਕ ਰਾਸ਼ਟਰੀ ਯੋਜਨਾ ਹੈ।

ਜੇਕਰ ਇਹ ਪ੍ਰਸਤਾਵਿਤ ਤੌਰ 'ਤੇ ਪੂਰਾ ਹੋ ਜਾਂਦਾ ਹੈ ਤਾਂ ਨਿਓਮ ਸਟੇਡੀਅਮ ਇੱਕ ਗਲੋਬਲ ਇੰਜੀਨੀਅਰਿੰਗ ਚਮਤਕਾਰ ਵਜੋਂ ਉਭਰੇਗਾ ਜੋ ਤਕਨਾਲੋਜੀ, ਸਥਿਰਤਾ ਅਤੇ ਆਰਕੀਟੈਕਚਰਲ ਦ੍ਰਿਸ਼ਟੀਕੋਣ ਦੇ ਇੱਕ ਦਲੇਰ ਸੁਮੇਲ ਦਾ ਪ੍ਰਤੀਕ ਹੋਵੇਗਾ ਅਤੇ ਭਵਿੱਖ ਦੇ ਖੇਡ ਸਥਾਨਾਂ ਦੇ ਡਿਜ਼ਾਇਨ 'ਚ ਸਾਊਦੀ ਅਰਬ ਨੂੰ ਇੱਕ ਲੀਡਰ ਵਜੋਂ ਸਥਾਪਿਤ ਕਰੇਗਾ।

Line of Credit Fix Bad Credit Get OSAP Loan 905-965-4644
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਦੰਦਾਂ ਦੀ ਦੇਖਭਾਲ 905-450-5600
ਸਸਤੀਆਂ ਹਵਾਈ ਟਿਕਟਾਂ 905-595-1700

ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜਾ ਸਾਹਿਬ ਕਿਵੇਂ ਪੱਜੇ ਹਰਦੀਪ ਪੁਰੀ ਦੇ ਪਰਿਵਾਰ ਤਕ

ਨਵੀਂ ਦਿੱਲੀ: ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਜੋੜੇ ਪਟਨਾ ਸਾਹਿਬ ਰਵਾਨਾ ਕਰਨ ਤੋਂ ਪਹਿਲਾਂ ਦਿੱਲੀ ਦੇ ਗੁਰਦੁਆਰਾ ਮੋਤੀ ਬਾਗ਼ ਸਾਹਿਬ ਵਿਖੇ ਸੌਂਪ ਦਿੱਤੇ ਸਨ। ਇਹ ਜੋੜੇ ਸਾਹਿਬ ਯਾਤਰਾ ਦੇ ਰੂਪ 'ਚ ਬਿਹਾਰ 'ਚ ਸਥਿਤ ਗੁਰਦੁਆਰਾ ਪਟਨਾ ਸਾਹਿਬ ਵਿਖੇ ਪਹੁੰਚਾਏ ਜਾਣਗੇ। ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਹਰਦੀਪ ਪੁਰੀ ਨੇ ਇਸ ਮੌਕੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੂੰ 300 ਸਾਲਾਂ ਤੋਂ ਪਵਿੱਤਰ ਜੌੜਾ ਸਾਹਿਬ ਦੀ ਸੇਵਾ-ਸੰਭਾਲ ਦੀ ਸੇਵਾ ਮਿਲੀ ਹੋਈ ਹੈ। ਉਨ੍ਹਾਂ ਨੇ ਅੱਗੇ ਦੱਸਿਆ, "1947 'ਚ ਭਾਰਤ-ਪਾਕਿਸਤਾਨ ਵੰਡ ਵੇਲੇ ਸਾਡੇ ਪਰਿਵਾਰ ਦੇ ਮੰਨੇ-ਪ੍ਰਮੰਨੇ ਸਰਦਾਰ ਉੱਤਮ ਸਿੰਘ ਦੁੱਗਲ, ਸਾਡੇ ਜੱਦੀ ਪਿੰਡ ਦਮਿਆਲ ਤੋਂ ਇਹ ਜੋੜੇ ਸਾਹਿਬ ਰਾਵਲਪਿੰਡੀ ਲੈ ਕੇ ਆਏ ਸੀ। ਸਾਡੇ ਪਰਿਵਾਰ ਦੇ ਇੱਕ ਮਸ਼ਹੂਰ ਵਕੀਲ ਸਨ ਐਡਵੋਕੇਟ ਸਰਦਾਰ ਬਹਾਦੁਰ ਬੇਅੰਤ ਸਿੰਘ ਪੁਰੀ, ਉਹ ਜਹਾਜ਼ ਰਾਹੀਂ ਜੋੜੇ ਸਾਹਿਬ ਲੈ ਕੇ ਆਏ।"

ਉਨ੍ਹਾਂ ਨੇ ਅੱਗੇ ਜਾਣਕਾਰੀ ਦਿੱਤੀ, "ਉਸ ਵੇਲੇ ਕਈ ਪਰਿਵਾਰ ਆਏ ਜਿਨ੍ਹਾਂ ਨੇ ਸੋਚਿਆ ਕਿ ਹਾਲਾਤ ਸੁਧਰ ਜਾਣਗੇ ਅਤੇ ਫ਼ਿਰ ਵਾਪਸ ਚਲੇ ਜਾਵਾਂਗੇ, ਪਰ ਉਨ੍ਹਾਂ ਨੇ ਦੇਖਿਆ ਕਿ ਹੁਣ ਹਾਲਾਤ ਸੁਧਰਣ ਵਾਲੇ ਨਹੀਂ। ਇਸ ਲਈ ਉਹ ਜੋੜੇ ਸਾਹਿਬ ਨੂੰ ਜਹਾਜ਼ ਰਾਹੀਂ ਇੱਥੇ ਲੈ ਆਏ। ਸਰਦਾਰ ਬਹਾਦੁਰ ਬੇਅੰਤ ਸਿੰਘ ਪੁਰੀ ਦੇ ਵੱਡੇ ਬੇਟੇ ਸਰਦਾਰ ਅਵਤਾਰ ਸਿੰਘ ਪੁਰੀ ਫ਼ਰੰਟੀਅਰ ਕੈਨਟੂਰਨਮੈਂਟ ਸਰਵਿਸ ਦੇ ਸੀਨੀਅਰ ਅਫ਼ਸਰ ਸਨ। ਉਨ੍ਹਾਂ ਮਗਰੋਂ ਉਨ੍ਹਾਂ ਦੇ ਬੇਟੇ ਜਸਮੀਤ ਸਿੰਘ ਪੁਰੀ ਜੋ ਮੇਰੇ ਰਿਸ਼ਤੇਦਾਰ ਸਨ, ਇਹ ਜੋੜੇ ਸਾਹਿਬ ਉਨ੍ਹਾਂ ਕੋਲ ਰਹੇ। ਜਦੋਂ ਸਰਦਾਰ ਜਸਮੀਤ ਸਿੰਘ ਪੁਰੀ ਦਾ ਦੇਹਾਂਤ ਹੋ ਗਿਆ ਤਾਂ ਪਰਿਵਾਰ ਨੇ ਮੈਨੂੰ ਕਿਹਾ

ਕਿ ਤੁਸੀਂ ਉਸ ਪੀੜ੍ਹੀ ਦੇ ਵੱਡੇ ਮੈਂਬਰ ਹੋ ਅਤੇ ਜੋੜੇ ਸਾਹਿਬ ਦੀ ਸੇਵਾ ਹੁਣ ਤੁਸੀਂ ਲਓ।"

ਉਨ੍ਹਾਂ ਨੇ ਅੱਗੇ ਦੱਸਿਆ, "ਫ਼ਿਰ ਮੈਂ ਆਪਣੇ ਪਰਿਵਾਰ ਅਤੇ ਸਰਕਾਰ ਨਾਲ ਗੱਲ ਕੀਤੀ ਕਿਉਂਕਿ ਇਹ ਬਹੁਤ ਇਤਿਹਾਸਿਕ, ਧਾਰਮਿਕ, ਸਭਿਆਚਾਰਕ ਅਤੇ ਭਾਵਨਾਤਮਕ ਤੌਰ 'ਤੇ ਕੀਮਤੀ ਹਨ, ਅਸੀਂ ਸੋਚਿਆ ਕਿ ਇਨ੍ਹਾਂ ਦੀ ਕਾਰਬਨ ਫ਼ੋਰਟੀਨ ਟੈੱਸਟਿੰਗ ਵੀ ਕਰਾ ਲੈਣੀ ਚਾਹੀਦੀ ਹੈ। ਕਲਚਰਲ ਮਨਿਸਟਰੀ ਨੇ ਕਾਰਬਨ ਫ਼ੋਰਟੀਨ ਟੈੱਸਟਿੰਗ ਕਰਵਾਈ। ਟੈੱਸਟਿੰਗ ਦੀ ਰਿਪੋਰਟ ਅਤੇ ਜਿਨ੍ਹਾਂ ਸਿੱਖ ਇਤਿਹਾਸਕਾਰਾਂ ਨੇ ਇਨ੍ਹਾਂ 'ਤੇ ਅਧਿਐਨ ਕੀਤਾ, ਉਨ੍ਹਾਂ ਮੁਤਾਬਿਕ ਕਾਰਬਨ ਫ਼ੋਰਟੀਨ ਟੈੱਸਟਿੰਗ ਦੀ ਟਾਈਮਲਾਈਨ ਬਿਲਕੁਲ ਮੈਚ ਕਰਦੀਆਂ ਹਨ। ਸਿੱਖ ਇਤਿਹਾਸ ਦੇ ਪ੍ਰੋਫ਼ੈਸਰ ਅਮਨਪ੍ਰੀਤ ਸਿੰਘ ਗਿੱਲ ਨੂੰ ਇੰਦਰਾ ਗਾਂਧੀ ਸੈਂਟਰ ਔਫ਼ ਆਰਟ ਨੇ ਬੇਨਤੀ ਕੀਤੀ ਸੀ ਕਿ ਇਸ ਬਾਰੇ ਸਾਰਾ ਅਧਿਐਨ ਕੀਤਾ ਜਾਵੇ ਅਤੇ ਉਨ੍ਹਾਂ ਨੇ ਵੀ ਇਸ ਦੀ ਤਸਦੀਕ ਕੀਤੀ।"

ਹਰਦੀਪ ਸਿੰਘ ਪੁਰੀ ਨੇ ਦੱਸਿਆ ਕਿ ਜਸਮੀਤ ਸਿੰਘ ਪੁਰੀ ਦੇ ਦੇਹਾਂਤ ਮਗਰੋਂ ਇਹ ਸਪੱਸ਼ਟ ਹੋ ਗਿਆ ਸੀ ਜੋੜੇ ਸਾਹਿਬ ਨੂੰ ਉਨ੍ਹਾਂ ਨੂੰ ਉਚਿਤ ਥਾਂ 'ਤੇ ਸੁਸ਼ੋਭਿਤ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਸੰਗਤਾਂ ਇਨ੍ਹਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਨੇ ਇਹ ਜਾਣਕਾਰੀ ਦਿੱਤੀ ਇਸ ਲਈ ਇੱਕ ਕਮੇਟੀ ਬਣਾਈ ਗਈ ਜਿਸ 'ਚ ਵੱਖ-ਵੱਖ ਕਿੱਤਿਆਂ ਨਾਲ ਜੁੜੀਆਂ ਹਸਤੀਆਂ ਸ਼ਾਮਿਲ ਸਨ। ਉਨ੍ਹਾਂ ਨੇ ਸੰਗਤਾਂ ਨਾਲ ਸੰਬਧਿਤ ਲੋਕਾਂ ਨਾਲ ਵਿਚਾਰ-ਚਰਚਾ ਕਰ ਕੇ ਫ਼ੈਸਲਾ ਲਿਆ ਗਿਆ ਜੋੜੇ ਸਾਹਿਬ ਨੂੰ ਗੁਰਦੁਆਰਾ ਸ੍ਰੀ ਪਟਨਾ ਸਾਹਿਬ ਸੁਸ਼ੋਭਿਤ ਕੀਤਾ ਜਾਣਾ ਚਾਹੀਦਾ ਹੈ। ਗੁਰ ਚਰਨ ਯਾਤਰਾ 23 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਮੋਤੀ ਬਾਗ਼ ਸਾਹਿਬ ਤੋਂ ਸ਼ੁਰੂ